ਅਸੈਸਮੈਂਟ (ਮੁਲਾਂਕਣ) ਟੂਲ

## ਤੁਹਾਡੇ ਘਰ ਦਾ ਮੁੱਲ ਨਿਰਧਾਰਿਤ ਕਰਨਾ

ਤੁਹਾਡੇ ਘਰ ਦਾ ਮੁੱਲ ਸਮਾਨ ਵਿਸ਼ੇਸ਼ਤਾਵਾਂ ਵਾਲੀਆਂ ਪ੍ਰਾਪਰਟੀਆਂ ਦੀ ਵਿਕਰੀ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਜੋ ਪਿਛਲੇ ਤਿੰਨ ਸਾਲਾਂ ਵਿੱਚ ਕੈਲਗਰੀ ਵਿੱਚ ਵੇਚੀਆਂ ਗਈਆਂ ਹਨ। ਸਾਡੇ ਮੁਲਾਂਕਣਕਰਤਾ ਤੁਹਾਡੀ ਪ੍ਰਾਪਰਟੀ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਵੀ ਸ਼ਾਮਲ ਕਰਦੇ ਹਨ:

- ਸਥਾਨ
- ਗੁਣ
- ਇਮਾਰਤ ਦਾ ਸਾਈਜ਼
- ਉਮਰ
- ਲੌਟ ਸਾਈਜ਼
- ਪ੍ਰਭਾਵ (ਵਿਊ, ਹਰੀ ਜਗ੍ਹਾ, ਟ੍ਰੈਫਿਕ, ਆਦਿ)
- ਨਵੀਨੀਕਰਨ

ਪ੍ਰਾਪਰਟੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ, **calgary.ca/assessment** 'ਤੇ ਜਾਓ

ਅਸੈਸਮੈਂਟ ਸਰਚ

## ਅਸੈਸਮੈਂਟ ਸਰਚ

ਸਾਡੇ ਔਨਲਾਈਨ ਸਾਧਨ ਪ੍ਰਾਪਰਟੀ ਮਾਲਕਾਂ ਨੂੰ ਉਹਨਾਂ ਦੇ ਮੁਲਾਂਕਣ ਅਤੇ ਪ੍ਰਾਪਰਟੀ ਦੇ ਵੇਰਵਿਆਂ ਬਾਰੇ ਵਧੇਰੇ ਵਿਸਤ੍ਰਿਤ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਸ਼ੁੱਧਤਾ ਲਈ ਪ੍ਰਾਪਰਟੀ ਵੇਰਵਿਆਂ ਦੀ ਸਮੀਖਿਆ ਕਰਨਾ।
- ਨਿਰਪੱਖਤਾ ਅਤੇ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਤੁਲਨਾਤਮਕ ਵਿਸ਼ੇਸ਼ਤਾਵਾਂ ਦੀ ਖੋਜ ਕਰਨਾ।
- ਖੇਤਰ ਵਿੱਚ ਸਮਾਨ ਪ੍ਰਾਪਰਟੀਆਂ ਦੀ ਵਿਕਰੀ ਲਈ ਖੋਜ ਕਰਨਾ।
- ਮਾਰਕੀਟ ਵਿਸ਼ੇਸ਼ ਜਾਣਕਾਰੀ ਦੇ ਰੁਝਾਨ ਵੇਖਣਾ ਅਤੇ ਜਾਣਨਾ ਕਿ ਮੁਲਾਂਕਣ ਕਿਵੇਂ ਤਿਆਰ ਕੀਤੇ ਜਾਂਦੇ ਹਨ।
- ਇੱਕ ਏਜੰਟ ਨੂੰ ਅਧਿਕਾਰਤ ਕਰਨਾ।
- ਵਾਧੂ ਮੁਲਾਂਕਣ ਜਾਣਕਾਰੀ ਲਈ ਬੇਨਤੀ ਕਰਨਾ।
- ਆਪਣੇ ਅਕਾਉਂਟ ਦਾ ਪ੍ਰਬੰਧਨ ਕਰਨਾ।
- ਈਨੋਟਿਸ (eNotice) ਸੂਚਨਾਵਾਂ ਲਈ ਸਾਈਨ ਅੱਪ ਕਰਨਾ।
- ਆਪਣੇ ਪ੍ਰਾਪਰਟੀ ਟੈਕਸਾਂ ਦਾ ਅੰਦਾਜ਼ਾ ਲੱਭਣਾ।

## ਕਾਗਜ਼ ਰਹਿਤ ਬਣੋ

ਆਪਣਾ ਅਗਲਾ ਪ੍ਰਾਪਰਟੀ ਅਸੈਸਮੈਂਟ ਨੋਟਿਸ ਔਨਲਾਈਨ ਪ੍ਰਾਪਤ ਕਰਨ ਲਈ ਸਾਈਨ ਅੱਪ ਕਰੋ। **calgary.ca/assessment**'ਤੇ ਜਾਓ

## ਤੁਹਾਡਾ ਮੁਲਾਂਕਣ ਬਾਰੇ ਕੋਈ ਸਵਾਲ ਜਾਂ ਟਿੱਪਣੀ ਹੈ?

| | |
|---|---|
| ਫੋਨ: | **403-268-2888** (ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ - ਸ਼ਾਮ 4:30 ਵਜੇ ਤੱਕ) |
| ਔਨਲਾਈਨ: | **calgary.ca/assessment** |
| ਸੁਣਨ ਵਿੱਚ ਅਯੋਗ: | 403-268-2888 ਦੀ ਬੇਨਤੀ ਕਰਨ ਲਈ 711 ਤੇ ਸੰਪਰਕ ਕਰੋ |
| ਇਨ-ਪਰਸਨ: | ਅਪੌਇੰਟਮੈਂਟ ਬੁੱਕ ਕਰਨ ਲਈ 403-268-2888 'ਤੇ ਕਾਲ ਕਰੋ |
| ਮੇਲ: | The City of Calgary (#8002) P.O. Box 2100, Stn. M Calgary, AB T2P 2M5 |

### ਸਿਟੀ ਮੁਲਾਂਕਣਕਰਤਾ ਨੂੰ ਪੁੱਛੋ

ਸਿਟੀ ਮੁਲਾਂਕਣਕਰਤਾ ਦੇ ਨਾਲ ਜਨਤਕ ਸੈਸ਼ਨ ਲਈ ਸਾਡੇ ਨਾਲ ਸ਼ਾਮਲ ਹੋਵੋ ਅਤੇ 2022 ਪ੍ਰਾਪਰਟੀ ਅਸੈਸਮੈਂਟ ਰੋਲ ਅਤੇ ਪ੍ਰਕਿਰਿਆ ਬਾਰੇ ਆਮ ਸਵਾਲ ਪੁੱਛੋ।

ਕਦੋਂ: **18 ਜਨਵਰੀ, ਸ਼ਾਮ 7–8 ਵਜੇ**

ਕਿੱਥੇ: ਵਰਚੁਅਲ, ਮਾਈਕ੍ਰੋਸਾਫਟ ਟੀਮਜ਼ 'ਤੇ।

**calgary.ca/assessment** 'ਤੇ ਰਜਿਸਟਰ ਕਰੋ

### ਆਪਣੇ ਪ੍ਰਾਪਰਟੀ ਟੈਕਸ ਬਿੱਲ ਦਾ ਅੰਦਾਜ਼ਾ ਪ੍ਰਾਪਤ ਕਰੋ

**calgary.ca/taxcalculator**'ਤੇ ਆਪਣੀ ਪ੍ਰਾਪਰਟੀ ਦਾ ਮੁਲਾਂਕਣ ਮੁੱਲ ਐਂਟਰ ਕਰੋ

21-0014072 ADV-11379

Calgary



# ਤੁਹਾਡਾ 2022 ਪ੍ਰਾਪਰਟੀ ਮੁਲਾਂਕਣ

1 ਜੁਲਾਈ, 2021 ਤੱਕ ਤੁਹਾਡੀ ਪ੍ਰਾਪਰਟੀ ਦੇ ਮਾਰਕਿਟ ਮੁੱਲ 'ਤੇ ਆਧਾਰਿਤ ਹੈ ਅਤੇ 31 ਦਸੰਬਰ, 2021 ਤੱਕ ਪ੍ਰਾਪਰਟੀ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਂਦਾ ਹੈ।




## ਪ੍ਰਾਪਰਟੀ ਮੁਲਾਂਕਣ ਅਤੇ ਟੈਕਸ ਵੰਡ

ਪ੍ਰਾਪਰਟੀ ਦਾ ਮੁਲਾਂਕਣ ਪ੍ਰਾਪਰਟੀ ਟੈਕਸ ਲਈ ਇੱਕ ਵੰਡ ਵਿਧੀ ਹੈ। ਤੁਹਾਡਾ ਪ੍ਰਾਪਰਟੀ ਟੈਕਸ ਬਿੱਲ ਤੁਹਾਨੂੰ ਅਲਾਟ ਕੀਤੇ ਗਏ ਹਿੱਸੇ ਨਾਲ ਗੁਣਾ ਕਰਕੇ ਸਿਟੀ ਅਤੇ ਸੂਬੇ ਦੀਆਂ ਬਜਟ ਲੋੜਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਤੁਹਾਡਾ ਹਿੱਸਾ ਕੈਲਗਰੀ ਵਿੱਚ ਤੁਹਾਡੀ ਮਾਲਕੀ ਵਾਲੀ ਪ੍ਰਾਪਰਟੀ ਦੇ ਮੁੱਲ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ, ਜੋ ਹਰ ਸਾਲ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਹੁੰਦਾ ਹੈ।

### ਤਿੰਨ ਕਾਰਕ ਜੋ ਤੁਹਾਡੇ ਪ੍ਰਾਪਰਟੀ ਟੈਕਸ ਨੂੰ ਪ੍ਰਭਾਵਿਤ ਕਰ ਸਕਦੇ ਹਨ:

- ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਮੁੱਲ ਤੁਹਾਡੀ ਪ੍ਰਾਪਰਟੀ ਦੀ ਸ਼੍ਰੇਣੀ (ਰਿਹਾਇਸ਼ੀ, ਗੈਰ-ਰਿਹਾਇਸ਼ੀ) ਲਈ **ਆਮ ਤਬਦੀਲੀ** ਨਾਲੋਂ ਵੱਧ, ਵੱਧਦਾ ਜਾਂ ਘਟਦਾ ਹੈ। *ਰੇਖਾ ਚਿੱਤਰ ਦੇਖੋ।*
- ਸੇਵਾਵਾਂ ਪ੍ਰਦਾਨ ਕਰਨ ਲਈ ਸ਼ਹਿਰ ਜਾਂ ਸੂਬੇ ਦੀਆਂ ਬਜਟ ਲੋੜਾਂ ਵਿੱਚ ਬਦਲਾਅ।
- ਕੌਂਸਲ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਵਰਗਾਂ ਵਿਚਕਾਰ ਮਿਉਂਸਪਲ ਟੈਕਸ ਵੰਡ ਦੇ ਸਮਾਯੋਜਨ ਨੂੰ ਮਨਜ਼ੂਰੀ ਦਿੰਦੀ ਹੈ।

**ਮੇਰਾ ਰਿਹਾਇਸ਼ੀ ਪ੍ਰਾਪਰਟੀ ਟੈਕਸ ਡਾਲਰ ਕਿੱਥੇ ਜਾਂਦਾ ਹੈ?**




ਆਮ ਤਬਦੀਲੀ

### ਮੇਰੀ ਪ੍ਰਾਪਰਟੀ ਦੇ ਮੁੱਲ ਵਿੱਚ ਤਬਦੀਲੀ ਮੇਰੇ ਟੈਕਸ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ?

ਭਾਵੇਂ ਰੀਅਲ ਅਸਟੇਟ ਬਜ਼ਾਰ ਵਿੱਚ ਵਾਧਾ ਹੋਇਆ ਹੈ, ਤੁਹਾਡੀ ਪ੍ਰਾਪਰਟੀ ਦੇ ਮੁੱਲ ਵਿੱਚ ਵਾਧੇ ਜਾਂ ਕਮੀ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਪ੍ਰਾਪਰਟੀ ਟੈਕਸ ਆਪਣੇ ਆਪ ਵੱਧੇਗਾ ਜਾਂ ਘੱਟ ਜਾਵੇਗਾ। ਸਾਰੀਆਂ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਪ੍ਰਾਪਰਟੀਆਂ ਲਈ ਆਮ ਮੁੱਲ ਤਬਦੀਲੀ ਦੀ ਤੁਲਨਾ ਵਿੱਚ ਤੁਹਾਡੀ ਪ੍ਰਾਪਰਟੀ ਦੇ ਸਾਲ-ਦਰ-ਸਾਲ ਮੁੱਲ ਵਿੱਚ ਤਬਦੀਲੀ ਇਹ ਨਿਰਧਾਰਤ ਕਰਦੀ ਹੈ ਕਿ ਤੁਹਾਡਾ ਪ੍ਰਾਪਰਟੀ ਟੈਕਸ ਕਿਵੇਂ ਪ੍ਰਭਾਵਿਤ ਹੋ ਸਕਦਾ ਹੈ।

**calgary.ca/assessment** 'ਤੇ ਹੋਰ ਜਾਣੋ ਅਤੇ ਸਾਰੀਆਂ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਪ੍ਰਾਪਰਟੀਆਂ ਲਈ 2022 ਦੇ ਆਮ ਮੁੱਲ ਵਿੱਚ ਬਦਲਾਅ ਦੇਖੋ।

**ਜੇਕਰ ਤੁਹਾਡੀ ਪ੍ਰਾਪਰਟੀ ਦੇ ਮੁੱਲ ਵਿੱਚ ਤਬਦੀਲੀ ਇੰਝ ਹੈ:**


| | | |
|---|---|---|
| ਰਿਹਾਇਸ਼ੀ ਲਈ ਆਮ ਤਬਦੀਲੀ ਨਾਲੋਂ **ਘੱਟ** | ਰਿਹਾਇਸ਼ੀ ਲਈ ਆਮ ਤਬਦੀਲੀ ਦੇ **ਸਮਾਨ** | ਰਿਹਾਇਸ਼ੀ ਲਈ ਆਮ ਤਬਦੀਲੀ ਨਾਲੋਂ **ਵੱਧ** |
| $ ਘੱਟ ਟੈਕਸ | $ ਟੈਕਸ ਸਮਾਨ ਰਹਿੰਦਾ ਹੈ | $ ਵੱਧ ਟੈਕਸ |

ਇਹ ਮੰਨਦੇ ਹੋਏ ਕਿ ਕੌਂਸਲ ਜਾਂ ਸੂਬੇ ਦੁਆਰਾ ਬਜਟ ਦੀਆਂ ਲੋੜਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ।

## ਤੁਹਾਡੀਆਂ ਸਿਟੀ ਸੇਵਾਵਾਂ ਦਾ ਪਤਾ ਲਗਾਉਣਾ ਅਤੇ ਸਮਰਥਨ ਕਰਨਾ

**ਤੁਹਾਡੀਆਂ ਪ੍ਰਾਥਮਿਕਤਾਵਾਂ ਕੀ ਹਨ?**
ਅਸੀਂ ਪੂਰੇ ਸਾਲ ਦੌਰਾਨ ਸ਼ਮੂਲੀਅਤ, ਖੋਜ ਅਤੇ ਸੋਸ਼ਲ ਮੀਡੀਆ ਰਾਹੀਂ ਨਾਗਰਿਕਾਂ ਦੀ ਇਨਪੁੱਟ ਇਕੱਠੀ ਕਰਦੇ ਹਾਂ, ਜੋ ਕੌਂਸਲ ਦੇ ਬਜਟ ਫੈਸਲਿਆਂ ਨੂੰ ਸੂਚਿਤ ਕਰਦੀ ਹੈ।

**ਕਿੰਨੇ ਪੈਸੇ ਦੀ ਲੋੜ ਹੈ?**
ਕੈਲਗਰੀ ਨਿਵਾਸੀਆਂ ਦੁਆਰਾ ਕਦਰ ਕੀਤੀਆਂ ਜਾਣ ਵਾਲੀਆਂ ਸਿਟੀ ਸੇਵਾਵਾਂ ਮੁਹੱਈਆ ਕਰਨ ਲਈ, ਅਤੇ ਸਾਡੇ ਸ਼ਹਿਰ ਦੀ ਲੰਬੇ ਸਮੇਂ ਦੀ ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਵਾਸਤੇ ਕੌਂਸਲ ਸਿਟੀ ਦੀਆਂ ਯੋਜਨਾਵਾਂ ਅਤੇ ਬਜਟ ਨੂੰ ਸੈੱਟ ਜਾਂ ਵਿਵਸਥਿਤ ਕਰਨ ਲਈ ਤੁਹਾਡੇ ਇਨਪੁੱਟ 'ਤੇ ਵਿਚਾਰ ਕਰਦੀ ਹੈ।




**ਸਿਟੀ ਮੇਰਾ ਹਿੱਸਾ ਕਿਵੇਂ ਇਕੱਠਾ ਕਰਦੀ ਹੈ?**
ਹੁਣ ਜਦੋਂ ਕੈਲਗਰੀ ਨਿਵਾਸੀਆਂ ਦੀਆਂ ਇਨਪੁੱਟ 'ਤੇ ਵਿਚਾਰ ਕੀਤਾ ਗਿਆ ਹੈ, ਬਜਟ ਸੈੱਟ ਕੀਤੇ ਗਏ ਹਨ ਅਤੇ ਤੁਹਾਡੀ ਪ੍ਰਾਪਰਟੀ ਦੇ ਮੁੱਲ ਦਾ ਮੁਲਾਂਕਣ ਕੀਤਾ ਗਿਆ ਹੈ, ਤੁਹਾਡੇ ਟੈਕਸ ਬਿੱਲ ਦੀ ਗਣਨਾ ਕੀਤੀ ਜਾਂਦੀ ਹੈ ਅਤੇ ਉਹ ਡਾਕ ਰਾਹੀਂ ਤੁਹਾਨੂੰ ਭੇਜਿਆ ਜਾਂਦਾ ਹੈ।

**ਬਜਟ ਕਿਵੇਂ ਸਮਰਥਿਤ ਹੈ, ਅਤੇ ਮੇਰਾ ਹਿੱਸਾ ਕੀ ਹੈ?**
ਸਿਟੀ ਦਾ ਬਜਟ (ਸਿਟੀ ਸੇਵਾਵਾਂ, ਪ੍ਰੋਗਰਾਮ ਅਤੇ ਸਿਵਿਕ ਪਾਰਟਨਰ) ਉਪਭੋਗਤਾ ਫੀਸਾਂ ਅਤੇ ਪ੍ਰਾਪਰਟੀ ਟੈਕਸ ਦੁਆਰਾ ਸਮਰਥਤ ਹੈ। ਪ੍ਰਾਪਰਟੀ ਟੈਕਸ ਦਾ ਤੁਹਾਡਾ ਹਿੱਸਾ ਤੁਹਾਡੀ ਪ੍ਰਾਪਰਟੀ ਦੇ ਮੁੱਲ (ਪ੍ਰਾਪਰਟੀ ਅਸੈਸਮੈਂਟ) ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।

ਅਪ੍ਰੈਲ

**ਸੂਬਾਈ ਬਜਟ**

**ਸੂਬਾ ਮੇਰੇ ਪ੍ਰਾਪਰਟੀ ਟੈਕਸ ਬਿੱਲ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?**
ਟੈਕਸ ਦਰਾਂ ਨਿਰਧਾਰਤ ਕਰਨ ਤੋਂ ਪਹਿਲਾਂ, ਕੌਂਸਲ ਇਹ ਨਿਰਧਾਰਤ ਕਰਨ ਲਈ ਸੂਬਾਈ ਬਜਟ ਦੇ ਜਾਰੀ ਹੋਣ ਦੀ ਉਡੀਕ ਕਰਦੀ ਹੈ ਕਿ ਸਿਟੀ ਨੂੰ ਕਿਹੜੇ ਫੰਡ ਉਪਲਬਧ ਕਰਵਾਏ ਜਾਣਗੇ। ਸਿਟੀ ਦੁਆਰਾ ਇਕੱਠੇ ਕੀਤੇ ਗਏ ਤੁਹਾਡੇ ਰਿਹਾਇਸ਼ੀ ਪ੍ਰਾਪਰਟੀ ਟੈਕਸ ਦਾ ਲਗਭਗ 35% ਸੂਬੇ ਨੂੰ ਜਾਂਦਾ ਹੈ।